# ਦਫਤਰ ਡਿਪਟੀ ਕਮਿਸ਼ਨਰ-ਕਮ- ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ), ਫਰੀਦਕੋਟ।

## ਸੂਚਨਾ

ਜਿਲ੍ਹਾ ਫਰੀਦਕੋਟ ਵਿਖੇ ਮਗਨਰੇਗਾ ਸਕੀਮ ਅਧੀਨ ਹੇਠ ਲਿਖੇ ਅਨੁਸਾਰ ਸਟਾਫ ਦੀ ਭਰਤੀ ਕੰਟਰੈਕਟ ਬੇਸਿਸ ਤੇ ਕੀਤੀ ਜਾਣੀ ਹੈ।

| ਲੜੀ ਨੰ: | ਜਿਲ੍ਹਾ/ ਬਲਾਕ ਪੱਧਰ | ਸਟਾਫ ਦਾ ਵੇਰਵਾ | ਅਸਾਮੀਆਂ ਦੀ ਗਿਣਤੀ | ਯੋਗਤਾ |
|---|---|---|---|---|
| 1 | ਬਲਾਕ ਪੱਧਰ | ਟੈਕਨੀਕਲ ਅਸਿਸਟੈਂਟ | 3 | Degree/Diploma in civil Engineering from Government recognized institute with proficiency in computer skills (MS world, Excel, data base functions) or retired JE/SDO of Govt./Semi Govt. deptt (civil works) |
| 2 | ਜਿਲ੍ਹਾ ਪੱਧਰ | ਡਾਟਾ ਐਂਟਰੀ ਅਪਰੇਟਰ | 1 | BA/B.Sc. with diploma in computer application or One year experience in data entry skills desirable. |
| 3 | ਜਿਲ੍ਹਾ ਪੱਧਰ | ਅਸਿਸਟੈਂਟ | 2 | Graduate with good Proficiency in MS Office use of internet basic programming skills |
| 4 | ਬਲਾਕ ਪੱਧਰ | ਗ੍ਰਾਮ ਰੋਜਗਾਰ ਸਹਾਇਕ | 7 | Class XII pass with computer skills and able bodied youth. Candidates with higher Qualification would be preferred. |
| 5 | ਜਿਲ੍ਹਾ ਪੱਧਰ | ਸੋਸ਼ਲ ਆਡਿਟ ਕੋਆਰਡੀਨੇਟਰ | 1 | Post Graduate with computer skills |
| 6 | ਜਿਲ੍ਹਾ ਪੱਧਰ | ਕੋਆਰਡੀਨੇਟਰ ਗ੍ਰੀਵੈਂਸ | 1 | Post Graduate with computer skills (Preference for experience or Any retired DDPO/ADO with computer skills |
| 7 | ਬਲਾਕ ਪੱਧਰ | ਬਲਾਕ ਕੋਆਰਡੀਨੇਟਰ | 3 | M.Sc. Agri/MBA/MA (Rural Development) PG Econimics/Sociology/Social works with computer skills, (Preference for experience) or Post Graduate with computer skills or Any retired DDPO/BDPO/ADO with computer skills. |
| 8 | ਬਲਾਕ ਪੱਧਰ | ਏ.ਪੀ.ਓ. | 1 | Graduation/Post Graduation with computer skills (Preference for experience) or Any retired DDPO, BDPO,ADO with computer skills |

**ਨਿਯਮ ਅਤੇ ਸਰਤਾਂ:-**

1) ਮਗਨਰੇਗਾ ਅਧੀਨ ਰੱਖੇ ਜਾਣ ਵਾਲੇ ਸਟਾਫ ਨੂੰ ਤਨਖਾਹ ਪ੍ਰਾਪਤ ਗ੍ਰਾਂਟ ਦੀ 5.75% ਕੰਟਨਜੈਂਸੀ ਵਿੱਚੋ ਉਹਨਾਂ ਦੇ ਕੰਮ ਦੀ ਕਾਰਗੁਜਾਰੀ ਦੇਖ ਕੇ ਜਾਰੀ ਕੀਤੀ ਜਾਵੇਗੀ।
2) ਜਿਹਨਾਂ ਉਮੀਦਵਾਰਾਂ ਨੇ ਪਹਿਲਾ ਆਨ ਲਾਈਨ ਅਪਲਾਈ ਕੀਤਾ ਹੋਇਆ ਹੈ, ਉਹਨਾਂ ਉਮੀਦਵਾਰਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਜਰੂਰਤ ਨਹੀਂ ਹੈ ਅਤੇ ਨਾ ਹੀ ਦੁਬਾਰਾ ਫੀਸ ਭਰਨ ਦੀ ਜਰੂਰਤ ਹੈ। ਕਿਸੇ ਵੀ ਉਮੀਦਵਾਰ ਦੀ ਜਮਾਂ ਹੋਈ ਫੀਸ, ਕਿਸੇ ਵੀ ਕਾਰਨ ਕਰਕੇ ਵਾਪਿਸ ਨਹੀਂ ਕੀਤੀ ਜਾਵੇਗੀ।
3) ਜਿਹਨਾਂ ਉਮੀਦਵਾਰਾਂ ਨੇ ਪਹਿਲਾ ਆਨ ਲਾਈਨ ਅਪਲਾਈ ਨਹੀਂ ਕੀਤਾ, ਉਹ ਉਮੀਦਵਾਰ ਜਿਲ੍ਹਾ ਫਰੀਦਕੋਟ ਦੀ ਵੈਬਸਾਈਟ faridkot.nic.in ਤੇ ਮਿਤੀ 10/08/2020 ਨੂੰ ਸ਼ਾਮ 05:00 ਵਜੇ ਤੱਕ ਅਪਲਾਈ ਕਰ ਸਕਦੇ ਹਨ। ਅਪਲਾਈ ਕਰਨ ਦੀ ਫੀਸ (ਜਨਰਲ ਸ੍ਰੇਣੀ ਲਈ 200/- ਰੁਪੈ ਅਤੇ ਐਸ.ਈ. ਸ੍ਰੇਣੀ ਲਈ 100/- ਰੁਪੈ) ਇਸ ਦਫਤਰ ਦੇ ਐਕਸਿਸ ਬੈਂਕ ਖਾਤਾ ਨੰ: 918010103635205, IFSC:UTIB0000417 ਜੋ ਕਿ ਡਿਪਟੀ ਕਮਿਸ਼ਨਰ-ਕਮ- ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ), ਫਰੀਦਕੋਟ ਦੇ ਨਾਮ ਤੇ, ਜਮਾਂ ਕਰਵਾਏਗਾ। ਜੇਕਰ ਕਿਸੇ ਉਮੀਦਵਾਰ ਵੱਲੋ ਫੀਸ ਨਹੀਂ ਭਰੀ ਜਾਂਦੀ ਤਾਂ ਉਸ ਦਾ ਬਿਨੈ ਪੱਤਰ ਰੱਦ ਸਮਝਿਆ ਜਾਵੇਗਾ। ਕਿਸੇ ਵੀ ਉਮੀਦਵਾਰ ਦੀ ਜਮਾਂ ਹੋਈ ਫੀਸ, ਕਿਸੇ ਵੀ ਕਾਰਨ ਕਰਕੇ ਵਾਪਿਸ ਨਹੀਂ ਕੀਤੀ ਜਾਵੇਗੀ।
4) ਇੰਟਰਵਿਊ ਦਾ ਸਡਿਊਲ ਅਸਾਮੀ ਵਾਈਜ ਵੱਖਰੇ ਤੌਰ ਤੇ ਅਖਬਾਰ, ਜਿਲ੍ਹਾ ਪ੍ਰੀਸ਼ਦ ਮਗਨਰੇਗਾ ਸੈੱਲ ਤੇ ਨੋਟਿਸ ਬੋਰਡ/ faridkot.nic.in ਤੇ ਲਗਾ ਦਿੱਤਾ ਜਾਵੇਗਾ।
5) ਯੋਗ ਉਮੀਦਵਾਰ ਇੰਟਰਵਿਊ ਸਮੇਂ ਆਪਣੇ ਅਸਲ ਯੋਗਤਾ ਸਰਟੀਫਿਕੇਟ ਨਾਲ ਲੈ ਕੇ ਆਵੇਗਾ।
6) ਉਮੀਦਵਾਰ ਦੀ ਉਮਰ ਦੀ ਹੱਦ ਮਿਤੀ 01-07-2020 ਨੂੰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਾ ਹੋਵੇ। ਰਿਜਰਵ ਕੈਟਾਗਿਰੀ ਲਈ ਉਮਰ ਦੀ ਹੱਦ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗੀ।
7) ਉਮੀਦਵਾਰ ਮੈਟ੍ਰਿਕ ਤੱਕ ਪੰਜਾਬੀ ਪਾਸ ਹੋਣਾ ਚਾਹੀਦਾ ਹੈ।
8) ਇੰਟਰਵਿਊ ਲਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
9) ਡਾਟਾ ਐਂਟਰੀ ਅਪਰੇਟਰਾਂ ਦੀ ਅਸਾਮੀ ਲਈ ਯੋਗ ਉਮੀਦਵਾਰਾਂ ਦਾ ਟਾਈਪ ਟੈਸਟ ਪੰਜਾਬੀ ਦਾ 30 ਸ਼ਬਦ ਪ੍ਰਤੀ ਮਿੰਟ (ਰਾਵੀ ਅਤੇ ਅਸੀਸ Font ਵਿੱਚ) ਅਤੇ ਅੰਗਰੇਜੀ ਦਾ 40 ਸ਼ਬਦ ਪ੍ਰਤੀ ਮਿੰਟ ਸਪੀਡ ਅਨੁਸਾਰ ਵੀ ਲਿਆ ਜਾਵੇਗਾ।
10) ਅਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।
11) ਇਹ ਭਰਤੀ ਬਿਲਕੁਲ ਆਰਜੀ ਹੈ ਅਤੇ ਕਿਸੇ ਸਮੇਂ ਵੀ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ।
12) ਅਪਲਾਈ ਕਰਨ ਵਾਲੇ ਉਮੀਦਵਾਰਾਂ ਵਿੱਚੋ ਯੋਗ ਉਮੀਦਵਾਰਾਂ ਦੀ ਵਾਕ-ਇੰਨ-ਇੰਟਰਵਿਊ ਲੈਣ ਉਪਰੰਤ ਚੋਣ ਕੀਤੀ ਜਾਵੇਗੀ।
13) ਫਾਰਮ ਜਿਲ੍ਹਾ ਪੱਧਰ ਦੀ ਵੈਬਸਾਈਟ faridkot.nic.in ਤੇ ਆਨ ਲਾਈਨ ਭਰੇ ਜਾ ਸਕਦੇ ਹਨ।
14) ਕਿਸੇ ਕਿਸਮ ਦੀ ਜਾਣਕਾਰੀ ਲਈ ਇਸ ਦਫਤਰ ਦੇ ਫੋਨ ਨੰਬਰ 01639-256101 ਤੇ ਦਫਤਰੀ ਕੰਮ-ਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।
15) ਜਿਲ੍ਹਾ ਫਰੀਦਕੋਟ ਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।
16) ਕੇਵਲ ਮਗਨਰੇਗਾ ਅਧੀਨ ਤਜਰਬਾ ਰੱਖਣ ਵਾਲੇ ਉਮੀਦਵਾਰਾਂ ਦਾ ਹੀ ਤਜਰਬਾ ਪ੍ਰਵਾਨ ਕੀਤਾ ਜਾਵੇਗਾ।
17) ਅਸਾਮੀਆਂ ਦੀ ਗਿਣਤੀ ਵਧਾਈ-ਘਟਾਈ ਜਾ ਸਕਦੀ ਹੈ।
18) ਰਿਜਰਵੇਸ਼ਨ ਪਾਲਿਸੀ ਰਾਜ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗੀ, ਜੋ ਕਿ ਇੰਟਰਵਿਊ ਤੋਂ ਪਹਿਲਾ ਕੈਟਾਗਿਰੀ ਵਾਈਜ ਲਿਸਟ ਮਗਨਰੇਗਾ ਸੈੱਲ ਜਿਲ੍ਹਾ ਪ੍ਰੀਸ਼ਦ ਦੇ ਨੋਟਿਸ ਬੋਰਡ ਤੇ ਚਸਪਾ/ faridkot.nic.in ਤੇ ਪਾ ਦਿੱਤੀ ਜਾਵੇਗੀ।
19) ਦਿੱਤੇ ਗਏ ਇਸ਼ਤਿਹਾਰ ਮੁਤਾਬਿਕ ਭਰਤੀ ਦੀ ਪ੍ਰਕਿਰਿਆ ਰੱਦ ਕਰਨ ਦਾ ਅਧਿਕਾਰ ਗਠਿਤ ਕਮੇਟੀ ਪਾਸ ਹੋਵੇਗਾ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ)
ਫਰੀਦਕੋਟ।

Scanned with CamScanner

ਦਫਤਰ ਵਧੀਕ ਡਿਪਟੀ ਕਮਿਸ਼ਨਰ(ਵਿ:)-ਕਮ-
ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ), ਫਰੀਦਕੋਟ।

## ਕੋਰੀਜੰਡਮ

ਜ਼ਿਲ੍ਹਾ ਫਰੀਦਕੋਟ ਵਿਖੇ ਮਗਨਰੇਗਾ ਅਧੀਨ ਮਿਤੀ 09/07/2020 ਨੂੰ ਪੰਜਾਬੀ ਟ੍ਰਿਬਿਊਨ ਅਤੇ ਅੰਗਰੇਜੀ ਟ੍ਰਿਬਿਊਨ ਵਿੱਚ ਪ੍ਰਕਾਸ਼ਿਤ ਕੀਤੇ ਗਏ ਮਗਨਰੇਗਾ ਸਟਾਫ ਦੀ ਭਰਤੀ ਸਬੰਧੀ ਇਸ਼ਤਿਹਾਰ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਉਮੀਦਵਾਰ ਇਨ੍ਹਾਂ ਅਸਾਮੀਆਂ ਲਈ ਬਿਨੈ ਪੱਤਰ ਆਨ ਲਾਈਨ ਜ਼ਿਲ੍ਹਾ ਫਰੀਦਕੋਟ ਦੀ ਵੈੱਬਸਾਈਟ faridkot.nic.in ਰਾਹੀਂ ਮਿਤੀ 22/07/2020 ਤੋਂ 24/07/2020 ਤੱਕ ਅਪਲਾਈ ਕਰਨ ਤੋਂ ਕਿਸੇ ਕਾਰਨ ਕਰਕੇ ਰਹਿ ਗਏ ਹਨ। ਉਨ੍ਹਾਂ ਨੂੰ ਇੱਕ ਦਿਨ ਦਾ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਮਿਤੀ10/08/2020 ਨੂੰ ਸ਼ਾਮ 05:00 ਵਜੇ ਤੱਕ ਆਪਣੇ ਬਿਨੈ ਪੱਤਰ ਫਾਰਮ ਜ਼ਿਲ੍ਹਾ ਫਰੀਦਕੋਟ ਦੀ ਵੈੱਬਸਾਈਟ faridkot.nic.in ਤੇ ਆਨਲਾਈਨ ਭਰ ਸਕਦੇ ਹਨ। ਅਸਾਮੀ ਦਾ ਵੇਰਵਾ, ਯੋਗਤਾ ਜਾਣਕਾਰੀ, ਸ਼ਰਤਾਂ ਅਤੇ ਬਿਨੈ ਪੱਤਰ ਫਾਰਮ ਜ਼ਿਲ੍ਹਾ ਫਰੀਦਕੋਟ ਦੀ ਵੈੱਬਸਾਈਟ faridkot.nic.in ਤੇ ਹੀ ਉਪਲੱਬਧ ਹਨ।

ਵਧੀਕ ਡਿਪਟੀ ਕਮਿਸ਼ਨਰ(ਵਿ:)-ਕਮ-
ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ
(ਮਗਨਰੇਗਾ), ਫਰੀਦਕੋਟ

Scanned with CamScanner